# ਲਕੜ ਦੀ ਲੱਤ

## • ਪਹਿਲੀ ਝਾਕੀ •

(ਸਮਾਂ ੧੯੪੨, ਅੰਗਰੇਜ਼ੀ ਰਾਜ। ਸੰਸਾਰ ਵਿਚ ਦੂਜੀ ਵਡੀ ਲੜਾਈ ਸ਼ੁਰੂ ਹੈ। ਪੰਜਾਬ ਦੇ ਇਕ ਪਿੰਡ ਦੇ ਤਿੰਨ ਕਿਸਾਨ ਹੇਠ ਲਿਖਿਆ ਵਾਢੀ ਦਾ ਗੀਤ ਗਾਂਦੇ ਗਾਂਦੇ ਸਟੇਜ ਉਤੇ ਆਉਂਦੇ ਹਨ)

ਕਿਸਾਨ ਮਰਦ — ਸ਼ਾਵਾ ਬਈ ਸ਼ਾਵਾ, ਬਲੇ ਬਈ ਬਲੇ।
ਮਿਹਨਤ ਅਸਾਡੀ ਦਾ ਫਲ ਕਹਿ ਰਿਹਾ ਹੈ,
ਦਾਤੀ ਜ਼ਰਾ ਤੇਜ਼ ਚਲੇ।
ਗਰਮੀ ਦੀ ਰੁਤੇ ਇਹ ਢਲ ਢਲ ਕੇ ਚਰਬੀ,
ਚੋਇਆ ਅਸਾਡਾ ਪਸੀਨਾ।
ਸਿਟਿਆਂ ਦੇ ਅੰਦਰ ਇਹਦਾ ਟੇਪਾ ਟੇਪਾ,
ਬਣਿਆ ਹੈ ਇਕ ਇਕ ਨਗੀਨਾ।
ਬਚਿਆਂ ਦੀ ਜੁੱਤੀ, ਪੜ੍ਹਾਈ ਤੇ ਢਿੱਡ ਲਈ,
ਇਹੋ ਖ਼ਜ਼ਾਨਾ ਹੈ ਪਲੇ।
ਸ਼ਾਵਾ ਬਈ ਸ਼ਾਵਾ, ਬਲੇ ਬਈ ਬਲੇ।

[ਇਤਨੇ ਵਿਚ ਤਿੰਨ ਕਿਸਾਨ ਔਰਤਾਂ ਸਿਰਾਂ ਉਤੇ ਭਤੇ ਚੁਕੀ ਸਟੇਜ ਉਤੇ ਆ ਜਾਂਦੀਆਂ ਹਨ। ਕਿਸਾਨ ਉਹਨਾਂ ਵਲ ਇਸ਼ਾਰਾ ਕਰਕੇ ਆਖਦੇ ਹਨ]

ਮਰਦ — ਖੇਤਾਂ ਦੀਆਂ ਰਾਣੀਆਂ ਆ ਗਈਆਂ ਨੇ,
ਭਤੇ ਸਿਰਾਂ ਤੇ ਉਠਾ ਕੇ।
ਕਲੀਆਂ ਜਿਵੇਂ ਬਾਗ਼ 'ਚੋਂ ਨਿਕਲੀਆਂ ਨੇ,
ਤਲੀਆਂ ਤੇ ਫੁਲਾਂ ਨੂੰ ਚਾ ਕੇ।

ਸਿਟਿਆਂ 'ਚੋਂ ਇਹਨਾਂ ਦਾ ਜੋਬਨ ਵੀ ਡਲ੍ਹਕੇ,
ਅਸੀਂ ਹੀ ਨਹੀਂ ਹਾਂ ਇਕੱਲੇ।
ਮਰਦ ਤੇ ਔਰਤਾਂ — ਸ਼ਾਵਾ ਬਈ ਸ਼ਾਵਾ, ਬਲੇ ਬਈ ਬਲੇ।
ਮਰਦ — ਸਾਡੇ ਵਤਨ ਵਿਚ ਸਾਗਰ ਦੇ ਪਾਰੋਂ,
ਆਇਆ ਹੈ ਗੋਰਾ ਲੁਟੇਰਾ।
ਔਰਤਾਂ — ਸਾਡੀ ਆਜ਼ਾਦੀ ਦਾ ਦਮ ਘੁਟ ਕੇ ਉਂਦਰੇ,
ਲਾਸ਼ਾਂ ਤੇ ਲਾਇਆ ਸੂ ਡੇਰਾ।
ਸਾਰੇ — ਸਾਡੀ ਦਲੇਰੀ ਦੇ ਫੜਕਣ ਪਏ ਡੋਲੇ,
ਜ਼ਾਲਮ ਫ਼ਰੰਗੀ ਦੇ ਥਲੇ।
ਸ਼ਾਵਾ ਬਈ ਸ਼ਾਵਾ, ਬਲੇ ਬਈ ਬਲੇ।
ਮਰਦ — ਕੌਮੀ ਆਜ਼ਾਦੀ ਦੀਆਂ ਸਾਡੀ ਦਾਤੀ ਦੇ ਸੀਨੇ 'ਚੋਂ ਉਠਣ ਤਰੰਗਾਂ।
ਔਰਤਾਂ — ਗੋਰੇ ਫ਼ਰੰਗੀ ਲਈ ਬਿਜਲੀ ਨੇ ਬਣੀਆਂ,
ਵੀਣੀ ਸਾਡੀ ਦੀਆਂ ਵੰਗਾਂ।
ਸਾਰੇ — ਚੁਕ ਚੁਕ ਕੇ ਪੱਬਾਂ ਨੂੰ ਵਿੰਹਦੇ ਨੇ ਸਿਟੇ,
ਆਉਂਦੀ ਆਜ਼ਾਦੀ ਦੇ ਵਲੇ।
ਧਰਤੀ ਜਣੇਗੀ ਦਾਣੇ ਤਰੀਣੇ,
ਆਵਣਗੇ ਫਿਰ ਦਿਨ ਸਵੱਲੇ।
ਸ਼ਾਵਾ ਬਈ ਸ਼ਾਵਾ, ਬਲੇ ਬਈ ਬਲੇ।
ਮਿਹਨਤ ਅਸਾਡੀ ਦਾ ਫਲ ਕਹਿ ਰਿਹਾ ਹੈ,
ਦਾਤੀ ਜ਼ਰਾ ਤੇਜ਼ ਚਲੇ।

[ਨਚਦੇ ਗਾਂਦੇ ਸਾਰੇ ਸਟੇਜ ਤੋਂ ਚਲੇ ਜਾਂਦੇ ਹਨ। ਇਤਨੇ ਵਿਚ ਇਕ ਗਭਰੂ ਇਕ ਛੋਟੇ ਜਿਹੇ ਬਚੇ ਨੂੰ ਚੁਕੀ ਹਸਦਾ ਹਸਦਾ ਸਟੇਜ ਉਤੇ ਆਉਂਦਾ ਹੈ। ਉਹਦੀ ਵਹੁਟੀ ਵੀ ਨਾਲ ਹੀ ਆਉਂਦੀ ਹੈ]

ਮਰਦ — ਸਾਡਾ ਕਾਕਾ ਬੜਾ ਸਿਆਣਾ।
ਕਰਮਾਂ ਵਾਲਾ ਬੀਬਾ ਰਾਣਾ।
ਇਹ ਆਇਆ ਤੇ ਦਾਣੇ ਆਏ।
ਇਸ ਨੇ ਸਾਡੇ ਕਸ਼ਟ ਮੁਕਾਏ।
ਕਿਸਮਤ ਸਾਡੀ ਸਮਝੋ ਪਰਤੀ।
ਆਪਣੇ ਖੇਤ ਤੇ ਆਪਣੀ ਧਰਤੀ।

ਸ਼ਾਹ ਦਾ ਕਰਜ਼ਾ ਲਹਿ ਜਾਏਗਾ,
ਖਾਣ ਲਈ ਵੀ ਰਹਿ ਜਾਏਗਾ।
[ਵਹੁਟੀ ਬਚੇ ਨੂੰ ਮਰਦ ਤੋਂ ਲੈ ਕੇ ਗਾਂਦੀ ਹੈ]

ਔਰਤ – ਮੈਂ ਭੜੋਲਾ ਪੋਚ ਲਿਆ ਏ,
ਸਭੋ ਕੁਝ ਮੈਂ ਸੋਚ ਲਿਆ ਏ।
ਕਾਕੇ ਲਈ ਮੈਂ ਕੜੇ ਘੜਾਵਾਂ,
ਇਸ ਦੇ ਗੋਰੇ ਪੈਰੀਂ ਪਾਵਾਂ।
ਛੀਟ ਦੀ ਕੁੜਤੀ ਆਪ ਸੁਆਵਾਂ,
ਸਿਰ ਨੂੰ ਚੀਰਾ ਲਾਲ ਰੰਗਾਵਾਂ।

ਦੋਵੇਂ ਮਿਲ ਕੇ – ਸਾਡਾ ਕਾਕਾ ਬੜਾ ਸਿਆਣਾ,
ਕਰਮਾਂ ਵਾਲਾ ਬੀਬਾ ਰਾਣਾ।
[ਬੂਹੇ ਉਤੇ ਠਕ ਠਕ, ਵਹੁਟੀ ਬੂਹਾ ਖੋਲਦੀ ਹੈ ਤੇ ਸ਼ਾਹ ਵਹੀਆਂ ਲਈ ਅੰਦਰ ਆਉਂਦਾ ਹੈ]

ਸ਼ਾਹ – ਮੇਰੀ ਲਵੋ ਵਧਾਈ ਭਾਈ,
ਤੁਹਾਡੇ ਘਰ ਹੈ ਬਰਕਤ ਆਈ।

ਕਿਸਾਨ — ਆਹੋ ਇਸ ਕਾਕੇ ਦੇ ਸਦਕੇ,
ਦਾਣੇ ਹੋਏ ਨੇ ਕੁਝ ਕੁ ਵਧਕੇ।
ਖੋਲ੍ਹੋ ਵਹੀ ਤੇ ਕਰੋ ਹਿਸਾਬ,
ਕਾਹਨੂੰ ਕਰੀਏ ਵਕਤ ਖ਼ਰਾਬ।
ਖੇਤ ਅਸਾਡੇ ਕਰਮਾਂ ਵਾਲੇ,
ਗਹਿਣੇ ਲਾਹ ਕੇ ਕਰੋ ਹਵਾਲੇ।
ਕਟੋ ਨਾਵਾਂ ਲਵੋ ਰੁਪਈਏ।
ਹੋ ਕੇ ਅਸੀਂ ਸੁਖਾਲੇ ਬਹੀਏ।

ਸ਼ਾਹ — [ਵਹੀ ਖੋਲ੍ਹਦਾ ਹੈ ਤੇ ਕੁਝ ਸੋਚ ਕੇ ਤੇ ਉਂਗਲਾਂ ਉਤੇ ਗਿਣ ਕੇ ਕਹਿੰਦਾ ਹੈ]
ਮੂਲ ਸੀ ਮੇਰਾ ਚਾਰ ਸੌ ਵੀਹ,
ਸੂਦ ਹੋ ਗਿਆ ਅਠ ਸੌ ਤੀਹ।
ਕੁਲ ਹੋ ਗਏ ਪੰਦਰਾਂ ਸੌ ਯਾਰਾਂ,
ਲਾਲ ਜੀਵੇ ਤੇਰਾ ਸਾਲ ਹਜ਼ਾਰਾਂ।
[ਕਿਸਾਨ ਤੇ ਉਹਦੀ ਵਹੁਟੀ ਇਕ ਦੂਜੇ ਵਲ ਹੈਰਾਨੀ ਨਾਲ

ਵੇਖਦੇ ਹਨ, ਤੇ ਕੁਝ ਚਿਰ ਪਿਛੋਂ ਵਹੁਟੀ ਬੋਲਦੀ ਹੈ]

ਵਹੁਟੀ — ਇਕ ਗਲ ਦਸ ਮੈਂ ਤੈਥੋਂ ਪੁਛਾਂ,
ਦਾੜ੍ਹੀ ਤੋਂ ਕਿਉਂ ਲੰਮੀਆਂ ਮੁਛਾਂ।

ਸ਼ਾਹ – ਕੀ ਦਸਾਂ ਤੈਨੂੰ ਮੁਟਿਆਰੇ,
ਇਹ ਨੇ ਸਭ ਕਲਜੁਗ ਦੇ ਕਾਰੇ।

ਕਿਸਾਨ – ਐਵੇਂ ਕਿਉਂ ਪਿਆ ਲੁਟ ਮਚਾਵੇਂ,
ਹੇਰ ਫੇਰ ਕਰ ਰਕਮ ਵਧਾਵੇਂ,
ਅਸਲ ਨਾਲੋਂ ਕਿਉਂ ਦੇਵਾਂ ਚੌਣਾ,
ਰਤਾ ਮੈਨੂੰ ਵੀ ਵਹੀ ਵਿਖਾਉਣਾ।
(ਵਹੀ ਵੇਖ ਕੇ ਤੇ ਸੋਚ ਕੇ)
ਮੂਲ ਤਾਂ ਮੰਨਿਆਂ ਚਾਰ ਸੌ ਵੀਹ,
ਸੂਦ ਕਿਵੇਂ ਫਿਰ ਅਠ ਸੌ ਤੀਹ?
ਵਧ ਤੋਂ ਵਧ ਇਹ ਸੂਦ ਵੀ ਲਾ ਕੇ,
ਅਠ ਸੌ ਬਣਦਾ ਕੁਲ ਰਲਾ ਕੇ
ਇਸ ਤੋਂ ਵਧ ਨਹੀਂ ਦੇਣਾ ਧੇਲਾ,
ਮੈਨੂੰ ਐਵੇਂ ਸਮਝ ਨਾ ਲੇਲਾ।

ਸ਼ਾਹ — [ਗੁਸੇ ਵਿਚ ਵਹੀ ਖੋਹ ਕੇ]
ਐਵੇਂ ਕਿਉਂ ਹੁਣ ਮਚਦਾ ਜਾਵੇਂ,
ਭਲੀ ਚਾਹੇਂ ਜੇ ਰਕਮ ਚੁਕਾਵੇਂ।
ਮੂਲ ਸੂਦ ਦੇਵੇਂ ਨਿਪਟਾ ਦੇ,
ਅਠ ਸੌ ਹੀ ਹੁਣ ਉਰ੍ਹਾਂ ਫੜਾ ਦੇ।

ਕਿਸਾਨ — ਸਾਡੇ ਕੋਲ ਨਹੀਂ ਅਠ ਸੌ ਹਾਲੀ,
ਹੈਨ ਰੁਪਈਏ ਪੰਜ ਸੌ ਚਾਲੀ।

ਸ਼ਾਹ — ਉਰ੍ਹਾਂ ਫੜਾ ਦੇ ਪੰਜ ਸੌ ਚਾਲੀ,
ਨਾਲੇ ਇਹ ਗਾਂ ਵਛੀ ਵਾਲੀ।
ਕਿਲਿਉਂ ਖੋਲ੍ਹ ਕੇ ਬਲਦ ਫੜਾ ਦੇ,
ਅਗੇ ਮੇਰੇ ਬਕਰੀ ਲਾ ਦੇ।
ਤੇਰਾ ਮੇਰਾ ਲੇਖਾ ਸਾਫ਼,
ਅਗੋਂ ਲਈ ਹੁਣ ਕਰੀਂ ਮੁਆਫ਼।

[ਕਿਸਾਨ ਆਪਣੀ ਵਹੁਟੀ ਨੂੰ ਇਸ਼ਾਰਾ ਕਰਦਾ ਹੈ। ਉਹ ਉਦਾਸ

ਹੋਈ ਰੁਮਾਲ ਵਿਚੋਂ ਰੁਪੈ ਕਿਸਾਨ ਨੂੰ ਲਿਆ ਦੇਂਦੀ ਹੈ। ਸ਼ਾਹ ਰਕਮ ਫੜ ਕੇ ਗਿਣਦਾ ਹੈ ਤੇ ਫਿਰ ਆਪਣੇ ਦੋ ਬੰਦਿਆਂ ਨੂੰ ਸਦਦਾ ਹੈ, ਉਹ ਤੇ ਸ਼ਾਹ ਮਿਲ ਕੇ ਸਟੇਜ ਉਤੇ ਇੰਝ ਕਾਰਜ ਕਰਦੇ ਹਨ ਜਿਵੇਂ ਚੀਜ਼ਾਂ ਚੁਕ ਤੇ ਖੋਲ੍ਹ ਰਹੇ ਹਨ। ਏਧਰ ਕਿਸਾਨ ਤੇ ਵਹੁਟੀ ਬਚੇ ਨੂੰ ਚੁਕੀ ਲੋਕਾਂ ਨੂੰ ਸੰਬੋਧਨ ਕਰ ਕੇ ਗਾਂਦੇ ਹਨ]

ਕਿਸਾਨ ਤੇ ਉਹਦੀ ਵਹੁਟੀ – ਵੇਖੋ ਇਹ ਨਿਆਂ ਵੇ ਲੋਕੋ, ਵੇਖੋ ਇਹ ਨਿਆਂ।
ਕਟ ਦਿਤੀ ਹੈ ਕੰਢੇ ਉਤੇ ਆਈ ਸਾਡੀ ਲਾਂ।
ਸਾਰਾ ਸਾਲ ਵਾਹ ਬੀਜ ਕੀਤੀਆਂ ਨੇ ਗੋਡੀਆਂ,
ਪੀ ਪੀ ਲਸੀ, ਖਾ ਖਾ ਨਾਲ ਮੱਕੀ ਦੀਆਂ ਢੋਡੀਆਂ।
ਪਕ ਕੇ ਤਿਆਰ ਹੋਈ, ਆ ਗਏ ਨੇ ਬੈਲੀ-ਸ਼ਾਹ,
ਆਖਦੇ ਨੇ ਸਾਨੂੰ, ਤੁਹਾਡਾ ਕਿਹੜਾ ਹੈ ਗਰਾਂ!
ਵੇਖੋ ਇਹ ਨਿਆਂ ਵੇ ਲੋਕੋ, ਵੇਖੋ ਇਹ ਨਿਆਂ ... ...

[ਸ਼ਾਹ ਸਭ ਕੁਝ ਸਾਂਭ ਕੇ ਸਟੇਜ ਤੋਂ ਚਲਾ ਜਾਂਦਾ ਹੈ। ਵਹੁਟੀ ਬਚੇ ਨੂੰ ਅੰਦਰ ਲੈ ਜਾਂਦੀ ਹੈ ਤੇ ਕਿਸਾਨ ਉਦਾਸ ਹੋਇਆ ਗੋਡਿਆਂ ਵਿਚ ਸਿਰ ਦੇ ਕੇ ਬੈਠਾ ਹੈ ਕਿ ਇਤਨੇ ਵਿਚ ਸਟੇਜ ਦੇ ਮਗਰੋਂ ਗਾਣ ਦੀ ਆਵਾਜ਼ ਆਉਂਦੀ ਹੈ]

ਤੂੰ ਉਠ ਕੇ ਭਰਤੀ ਹੋ ਜਾ ਪੰਜਾਬ ਦੇ ਜਵਾਨਾ,
ਹੈ ਬੰਦ ਇਸ ਦੇ ਅੰਦਰ ਤੇਰੇ ਲਈ ਖ਼ਜ਼ਾਨਾ।
ਰੋਟੀ ਮੁਫ਼ਤ ਮਿਲੇਗੀ, ਤਨਖ਼ਾਹ ਮਿਲੇਗੀ ਚੋਖੀ।
ਵਰਦੀ ਮੁਫ਼ਤ ਮਿਲੇਗੀ, ਜ਼ਿੰਦਗੀ ਲੰਘੇਗੀ ਸੌਖੀ।
ਤੈਨੂੰ ਬੁਲਾ ਰਿਹਾ ਹੈ ਖ਼ੁਸ਼ੀਆਂ ਦਾ ਤਕ ਜ਼ਮਾਨਾ।
ਤੂੰ ਉਠ ਕੇ ਭਰਤੀ ਹੋ ਜਾ ਪੰਜਾਬ ਦੇ ਜਵਾਨਾ।

[ਗੀਤ ਸੁਣ ਕੇ ਗਭਰੂ ਕਿਸਾਨ ਉਠਦਾ ਹੈ ਤੇ ਖ਼ੁਸ਼ੀ ਖ਼ੁਸ਼ੀ ਇਕ ਪਾਸੇ ਨੂੰ ਲੰਘ ਜਾਂਦਾ ਹੈ]

[ਪਰਦਾ ਡਿਗਦਾ ਹੈ]

## • ਦੂਜੀ ਝਾਕੀ •

[ਕਿਸਾਨ ਦਾ ਘਰ, ਕਿਸਾਨ ਵਰਦੀ ਪਾਈ, ਇਕ ਫ਼ੌਜੀ ਦੇ ਲਿਬਾਸ ਵਿਚ ਖਲੋਤਾ ਹੈ ਤੇ ਕੋਲ ਉਸ ਦੀ ਵਹੁਟੀ ਉਦਾਸੀ ਹੋਈ

ਸ਼ਕਲ ਵਿਚ ਖਲੋਤੀ ਹੈ। ਨਾਲ ਹੀ ਪੰਘੂੜੇ ਤੇ ਉਹਦਾ ਬੱਚਾ ਸੁਤਾ ਪਿਆ ਹੈ। ਹੇਠ ਲਿਖੇ ਸਵਾਲ ਜਵਾਬ ਉਹਨਾਂ ਵਿਚ ਹੁੰਦੇ ਹਨ]

ਵਹੁਟੀ — ਇਕ ਭਾਂਬੜ ਬਲਦਾ ਵੇ, ਰਾਂਝਣਾ ਸਾਥੋਂ ਦੂਰ ਪਰੇਰੇ।
ਪਏ ਟੁਕੜੇ ਵੰਗਾਂ ਦੇ, ਢੋਲਣਾ ਉਸਦੇ ਚਾਰ ਚੁਫੇਰੇ।

ਕਿਸਾਨ — ਇਕ ਦੀਵਾ ਜਗਦਾ ਨੀ, ਗੋਰੀਏ ਸਾਡੇ ਘਰ ਤੋਂ ਨੇੜੇ।
ਮੈਂ ਤਲਬਾਂ ਭੇਜਾਂਗਾ, ਰਾਣੀਏਂ ਲਿਸ਼ਕਣ ਤੇਰੇ ਵਿਹੜੇ।

ਵਹੁਟੀ — ਇਕ ਭਾਂਬੜ ਬਲਦਾ ਵੇ, ਰਾਂਝਣਾ ਜ਼ਿੰਦਗੀ ਦਾ ਸਾਹ ਮਰਦਾ,
ਸ਼ਾਲਾ ਜੁਗ ਜੁਗ ਜੀਵੇ ਵੇ, ਢੋਲਣਾ ਚਾਨਣ ਸਾਡੇ ਘਰ ਦਾ।

ਕਿਸਾਨ — ਇਕ ਦੀਵਾ ਜਗਦਾ ਨੀ, ਗੋਰੀਏ ਚਾਨਣ ਢਲਦੀ ਚਾਂਦੀ,
(ਬਚੇ ਵਲ ਇਸ਼ਾਰਾ ਕਰ ਕੇ)
ਇਹਦੇ ਕੜੇ ਲਿਆਵਾਂਗਾ, ਰਾਣੀਏਂ ਤੇਰੇ ਲਈ ਪਰਾਂਦੀ।

[ਏਨੇ ਨੂੰ ਕਿਸਾਨ ਦੀ ਮਾਂ ਅੰਦਰ ਆ ਜਾਂਦੀ ਹੈ ਤੇ ਨਾਲ ਹੀ ਪਰਦੇ ਪਿਛੋਂ ਦਰਦ ਭਰੇ ਢੰਗ ਨਾਲ ਆਵਾਜ਼ ਆਉਂਦੀ ਹੈ]

ਸੱਸੇ ਤਕ ਨੀਂ ਜਵਾਨੀ ਮੇਰੀ ਤੇ ਮੋੜ ਪੁਤ ਆਪਣੇ ਨੂੰ।

[ਪਰ ਸੱਸ ਸੁਣੀ ਅਣਸੁਣੀ ਕਰਕੇ ਦੂਜੇ ਬੂਹੇ ਚੋਂ ਬਾਹਰ ਚਲੀ ਜਾਂਦੀ ਹੈ ਤੇ ਫਿਰ ਪਰਦੇ ਪਿਛੋਂ ਆਵਾਜ਼ ਆਉਂਦੀ ਹੈ ਤੇ ਵਹੁਟੀ ਗੀਤ ਦੇ ਸ਼ਬਦਾਂ ਅਨੁਸਾਰ ਸਿਪਾਹੀ ਨੂੰ ਸੰਬੋਧਨ ਕਰਕੇ ਅਮਲ ਕਰਦੀ ਹੈ]

"ਜੇ ਸਿਪਾਹੀਆ ਤੂੰ ਗਿਉਂ ਲਾਮ ਨੂੰ,
ਲਾ ਕੇ ਮੈਨੂੰ ਝੋਰਾ।
ਬਿਰਹੋਂ ਹੱਡਾਂ ਨੂੰ ਏਦਾਂ ਖਾ ਜਾਊ,
ਜਿਉਂ ਛੋਲਿਆਂ ਨੂੰ ਢੋਰਾ।
ਜੰਗ ਵਿਚ ਨਾ ਜਾਈਂ ਵੇ,
ਹੇ ਬਾਗਾਂ ਦਿਆ ਮੋਰਾ।"

[ਫਿਰ ਦੋਵੇਂ ਗਾਂਦੇ ਹਨ]

ਵਹੁਟੀ — ਇਕ ਭਾਂਬੜ ਬਲਦਾ ਵੇ, ਰਾਂਝਣਾ ਮੈਂ ਤੇਰੀ ਸੁਖ ਮੰਗਾਂ,
ਅਸੀਂ ਰੁਖੀਆਂ ਖਾ ਲਾਂਗੇ, ਢੋਲਣਾ ਖਾਣ ਸੁਹਾਗ ਨਾ ਜੰਗਾਂ

ਕਿਸਾਨ — ਕਿਥੋਂ ਰੁਖੀਆਂ ਖਾਵੇਂਗੀ, ਗੋਰੀਏ ਨਾ ਧਰਤੀ ਨਾ ਦਾਣੇ,
ਇਥੇ ਰਾਜ ਫ਼ਰੰਗੀ ਦਾ, ਰਾਣੀਏਂ ਰੋਜ਼ੀ ਦੇਣ ਨਾ ਜਾਣੇ।

ਵਹੁਟੀ — ਚੰਗਾ ਤੁਰ ਤਾਂ ਚਲਿਆਂ ਏਂ, ਰਾਂਝਣਾ ਦੇ ਜਾ ਕੋਈ ਨਿਸ਼ਾਨੀ,

ਜਿਨੂੰ ਤਕ ਤਕ ਜੀਂਦੀ ਰਹੇ, ਢੋਲਣਾ ਮੇਰੀ ਇਹ ਜ਼ਿੰਦਗਾਨੀ ।

ਕਿਸਾਨ — [ਪੰਘੂੜੇ ਕੋਲ ਜਾ ਕੇ]

ਇਸ ਚੰਦ ਜਿਹੇ ਟੁਕੜੇ ਤੋਂ, ਗੋਰੀਏ ਹੋਰ ਕੀ ਵਧ ਨਿਸ਼ਾਨੀ,
ਮੈਂ ਇਹ ਹੀ ਛੇ ਚਲਿਆਂ, ਰਾਣੀਏਂ ਆਪਣੀ ਪ੍ਰੀਤ ਨਿਸ਼ਾਨੀ ।

(ਕਿਸਾਨ ਆਪਣੀ ਵਹੁਟੀ ਦਾ ਹਥ ਫੜ ਕੇ ਘੁਟਦਾ ਤੇ ਉਹਦੇ ਅਥਰੂ ਉਹਦੇ ਦੁਪਟੇ ਨਾਲ ਪੂੰਝਦਾ ਹੈ ਤੇ ਆਪਣੇ ਬਚੇ ਨੂੰ ਪੰਘੂੜੇ ਵਿਚੋਂ ਚੁਕ ਕੇ ਚੁੰਮਦਾ ਹੈ ਤੇ ਨਾਲ ਹੀ ਪਿਛੋਂ ਇਹ ਆਵਾਜ਼ ਉਭਰਦੀ ਹੈ)

"ਕਾਹਨੂੰ ਤੈਂ ਪੁਆਈਆਂ ਨੀ ਕੋਠੜੀਆਂ ਵੇ,
ਕਾਹਨੂੰ ਰਖਿਆ ਈ ਵਿਹੜਾ ।
ਤੂੰ ਦੂਰ ਚਲਿਆਂ ਨੌਕਰੀ ਵੇ,
ਪਿਛੇ ਵਸੀਗਾ ਕਿਹੜਾ ।"

"ਤੇਰੇ ਮਰਨ ਫ਼ਰੰਗੀਆ ਬਚੇ — ਨਿਤ ਨਵੀਂ ਲਾਮ ਛੇੜਨੈਂ ।"

[ਕਿਸਾਨ ਬਾਹਰ ਨਿਕਲ ਜਾਂਦਾ ਹੈ, ਵਹੁਟੀ ਬੂਹੇ ਤਕ ਜਾਂਦੀ ਹੈ ਤੇ ਬਚੇ ਨੂੰ ਛਾਤੀ ਨਾਲ ਘੁਟ ਲੈਂਦੀ ਹੈ]

[ਪਰਦਾ ਡਿਗਦਾ ਹੈ]

## • ਤੀਜੀ ਝਾਕੀ •

[ਉਹੋ ਘਰ, ਪਰ ਪਹਿਲਾਂ ਨਾਲੋਂ ਕੁਝ ਬਦਲਿਆ ਹੋਇਆ । ਕਿਸਾਨ ਦੀ ਵਹੁਟੀ, ਪੀੜ੍ਹੀ ਤੇ ਬੈਠੀ ਆਪਣੇ ਬਚੇ ਦੀ ਪਾਟੀ ਹੋਈ ਕਮੀਜ਼ ਨੂੰ ਸਿਊਂ ਰਹੀ ਹੈ । ਨਾਲ ਇਕ ਪੰਘੂੜੇ ਉਤੇ ਬਾਲ ਸੁਤਾ ਪਿਆ ਹੈ । ਕਿਸਾਨ ਔਰਤ ਆਪਣੇ ਬਾਲ ਵਲ ਨਜ਼ਰ ਮਾਰ ਕੇ ਇਹ ਗੀਤ ਗਾ ਰਹੀ ਹੈ]

ਦਿਲ ਦੇ ਪੰਘੂੜੇ ਤੇਰੀ ਯਾਦ ਖਿਡਾਵਾਂ ਮਾਹੀਆ,
ਤੇਰੀ ਇਹ ਨਿਸ਼ਾਨੀ ਦਿਤੀ ਛਾਤੀ ਨਾਲ ਲਾਵਾਂ ਮਾਹੀਆ ।
ਵੇਖ ਵੇਖ ਕੋਠੇ ਉਤੋਂ, ਭੁਰ ਗਏ ਬਨੇਰੇ ਢੋਲਾ ।
ਹੰਝੂਆਂ ਦੇ ਪਾਣੀ ਨਾਲ ਖੁਰ ਗਏ ਬਨੇਰੇ ਢੋਲਾ ।
ਕਾਂਵਾਂ ਨੂੰ ਉਡਾਵਾਂ ਨਾਲੇ, ਔਂਸੀਆਂ ਮੈਂ ਪਾਵਾਂ ਮਾਹੀਆ ।
ਡੁਸਕਦੀ ਏ ਤਾਂਘ ਹਾਉਕੇ ਲੈਂਦਾ ਏ ਪਿਆਰ ਮੇਰਾ ।

ਆ ਵੀ ਜਾ ਉਡੀਕਦਾ ਏ, ਚੰਨਾਂ ਤੈਨੂੰ ਲਾਲ ਤੇਰਾ।
ਕਿੰਨਾ ਚਿਰ ਫੇ ਦੇ ਇਹਨੂੰ ਲੋਰੀਆਂ ਸੁਆਵਾਂ ਮਾਹੀਆ।
ਤੋਪਾਂ ਦੀ ਆਵਾਜ਼ ਭੈੜੀ, ਸੁੱਤੇ ਨੂੰ ਜਗਾਵੇ ਨਾ,
ਗੋਲੀਆਂ ਦੀ ਅੱਗ ਇਹਦੇ, ਹਾਸੇ ਨੂੰ ਜਲਾਵੇ ਨਾ,
ਸੋਹਲ ਸੋਹਲ ਬੁਲ੍ਹੀਆਂ ਨੂੰ ਬੰਬਾਂ ਤੋਂ ਬਚਾਵਾਂ ਮਾਹੀਆ।

[ਗੀਤ ਗਾਂਦੀ ਗਾਂਦੀ ਉਠ ਬੈਠਦੀ ਹੈ ਤੇ ਇਕ ਟੁਟੀ ਜਿਹੀ ਸੰਦੂਕੜੀ 'ਚੋਂ ਚਿਠੀਆਂ ਕਢ ਕੇ ਫੋਲਦੀ ਤੇ ਪਰਦੇ ਦੇ ਪਿਛੋਂ ਆਵਾਜ਼ ਉਭਰਦੀ ਹੈ]

ਚਿਠੀਆਂ ਦਾ ਘਰ ਭਰ 'ਤਾ,
ਕਦੇ ਆਉਣ ਦੀ ਚਿਠੀ ਨਾ ਆਈ।

[ਚਿਠੀਆਂ ਨੂੰ ਛਡ ਕੇ ਇਕ ਟੁਟੇ ਹੋਏ ਸ਼ੀਸ਼ੇ 'ਚੋਂ ਆਪਣੀ ਸ਼ਕਲ ਵੇਖਦੀ ਹੈ ਤੇ ਪਰਦੇ ਪਿਛੇ ਆਵਾਜ਼ ਉਭਰਦੀ ਹੈ]

ਇਸ਼ਕ ਤੰਦੂਰ ਹੱਡਾਂ ਦਾ ਬਾਲਣ,
ਦੋਜ਼ਖ਼ ਨਾਲ ਤਪਾਵਾਂ।
ਕਢ ਕੇ ਕਾਲਜਾ ਕਰ ਲਾਂ ਪੇੜੇ,
ਹੁਸਨ ਪਲੇਥਣ ਲਾਵਾਂ।
ਸਿਪਾਹੀਆ ਮੁੜ ਪਉ ਵੇ,
ਵੇ ਰੋਜ਼ ਔਂਸੀਆਂ ਪਾਵਾਂ।

[ਇੰਨੇ ਚਿਰ ਨੂੰ ਸਟੇਜ ਉਤੇ ਇਕ ਪਾਂਧਾ ਆ ਜਾਂਦਾ ਹੈ। ਕਿਸਾਨ ਤੀਵੀਂ ਥਾਲੀ ਵਿਚ ਕੁਝ ਧਰ ਕੇ ਉਹਦੇ ਵਲ ਹੌਲੀ ਹੌਲੀ, ਪਿਛੋਂ ਉਭਰਦੀ ਆਵਾਜ਼ ਦੇ ਅਨੁਸਾਰ ਕਾਰਜ ਕਰਦੀ ਜਾਂਦੀ ਹੈ ਤੇ ਪਾਂਧਾ ਵੀ ਜੋਤਸ਼ੀਆਂ ਵਾਂਗ ਕਾਰਜ ਕਰਦਾ ਹੈ – ਪਿਛੋਂ ਗੀਤ ਉਭਰਦਾ ਹੈ]

ਅੰਬਾਂ ਹੇਠ ਖਲੋਤੀਏ; ਅੰਬਾਂ ਦਾ ਝੜ ਪਿਆ ਬੂਰ।
ਅੰਬ ਪਕੇ ਰਸ ਚੋ ਪਿਆ, ਗੋਰੀ ਦਾ ਰਸੀਆ ਦੂਰ।
ਪਾਂਧਾ ਪੁਛਣ ਮੈਂ ਚਲੀ, ਸਠ ਸਹੇਲੀਆਂ ਜੋੜ।
ਕਢੀ ਵੇ ਪਾਂਧਿਆ ਪਤਰੀ, ਕਦ ਘਰ ਆਵੇ ਢੋਲ।
ਪਾਂਧੇ ਤਾਂ ਕਢੀ ਪਤਰੀ, ਮੂੰਹੋਂ ਬੋਲਦਾ ਬੋਲ।
"ਐਡੀ ਕਿਉਂ ਹੋਈ ਏਂ ਉਦਾਸ ਗੋਰੀਏ,
ਬਾਰ੍ਹੀਂ ਵਰ੍ਹੀਂ ਤੇਰੇ ਕੋਲ।"

"ਅੱਗ ਲਾਵਾਂ ਤੇਰੀ ਪੱਤਰੀ, ਨਦੀਏ ਰੁੜ੍ਹਾਵਾਂ ਤੇਰੇ ਬੋਲ।"

[ਦੂਜੀ ਵਾਰ ਫੇਰ ਜਾਂਦੀ ਹੈ]

ਪਾਂਧਾ ਪੁਛਣ ਮੈਂ ਚਲੀ, ਥਾਲੀ ਵਿਚ ਪਾ ਤੰਬੋਲ।
ਕੱਢੀਂ ਵੇ ਪਾਂਧਿਆ ਪਤਰੀ, ਕਦ ਘਰ ਆਵੇ ਢੋਲ।
ਪਾਂਧੇ ਤਾਂ ਕੱਢੀ ਪਤਰੀ, ਮੂੰਹੋਂ ਬੋਲਦਾ ਬੋਲ :
"ਐਡੀ ਕਿਉਂ ਹੋਈ ਏਂ ਉਦਾਸ ਗੋਰੀਏ, ਕਲ੍ਹ ਦੁਪਹਿਰੇ ਤੇਰੇ ਕੋਲ।"
"ਸੋਨੇ ਜੜਾਵਾਂ ਤੇਰੀ ਪਤਰੀ, ਜੜ੍ਹਤ ਜੜਾਵਾਂ ਤੇਰੇ ਬੋਲ।"

[ਪਾਂਧੇ ਨੂੰ ਆਟੇ ਦੀ ਥਾਲੀ ਭਰ ਕੇ ਦੇਂਦੀ ਹੈ ਤੇ ਪਾਂਧਾ ਚਾਂਈ ਚਾਂਈ ਚਲਾ ਜਾਂਦਾ ਹੈ। ਉਹ ਆਪਣੇ ਬਚੇ ਨੂੰ ਚੁਕ ਕੇ ਚੁੰਮਦੀ ਤੇ ਪਿਆਰਦੀ ਹੈ। ਇਤਨੇ ਨੂੰ ਡਾਕੀਆ ਤਾਰ ਲਿਆ ਕੇ ਦੇਂਦਾ ਹੈ। ਉਹ ਡਾਕੀਏ ਨੂੰ ਹੀ ਕਹਿੰਦੀ ਏ ਕਿ ਤੂੰ ਹੀ ਪੜ੍ਹ ਦੇ। ਡਾਕੀਆ ਤਾਰ ਪੜ੍ਹਦਾ ਪੜ੍ਹਦਾ ਖ਼ੁਸ਼ ਹੁੰਦਾ ਜਾਂਦਾ ਹੈ ਤੇ ਆਖ਼ਰ ਉਹਦੇ ਕੰਨ ਵਿਚ ਕੁਝ ਕਹਿੰਦਾ ਹੈ ਜਿਸ ਨੂੰ ਸੁਣਦਿਆਂ ਹੀ ਉਹ ਬੋਲ ਉਠਦੀ ਹੈ :—

ਨੀ ਮੈਂ ਰੰਡੀਓਂ ਸੁਹਾਗਣ ਹੋਈ,
ਬਸਰੇ ਦੀ ਲਾਮ ਟੁਟ ਗਈ।

[ਝਟ ਆਪਣੇ ਬਚੇ ਨੂੰ ਚੁਕ ਲੈਂਦੀ ਹੈ, ਉਸ ਨੂੰ ਚੁੰਮਦੀ ਤੇ ਗਾਂਦੀ ਹੈ]

ਚਮਕ ਚਮਕ ਮੇਰੀ ਅਖ ਦੇ ਤਾਰੇ,
ਫੁਲ ਬਣ ਗਏ ਦਗਦੇ ਅੰਗਿਆਰੇ,
ਬਲਦੀ ਹੇਠੋਂ ਚੰਨ ਦਾ ਮੁਖੜਾ,
ਨਜ਼ਰ ਪਿਆ ਭੁਲਿਆ ਕੁਲ ਦੁਖੜਾ,
ਗੂੰਜ ਪਏ ਮੁਦਤਾਂ ਤੋਂ ਸੁਤੇ,
ਜੀਵਨ ਦੇ ਸੁਰ ਸਾਰੇ।
ਚਮਕ ਚਮਕ ਮੇਰੀ ਅਖ ਦੇ ਤਾਰੇ।

[ਪਿੰਡ ਦੀਆਂ ਜ਼ਨਾਨੀਆਂ ਵੀ ਉਹਨੂੰ ਆ ਕੇ ਮੁਬਾਰਕਾਂ ਦੇਂਦੀਆਂ ਹਨ ਤੇ ਉਸ ਦੀ ਖ਼ੁਸ਼ੀ ਵਿਚ ਹਿਸਾ ਲੈਂਦੀਆਂ ਹਨ]

[ਰੋਸ਼ਨੀ ਬੰਦ, ਜਿਵੇਂ ਰਾਤ ਪੈ ਗਈ ਹੋਵੇ ਤੇ ਫਿਰ ਹੌਲੀ ਹੌਲੀ ਰੋਸ਼ਨੀ ਵਧਦੀ ਜਾਂਦੀ ਹੈ – ਤੇ ਦੂਸਰਾ ਦਿਨ ਚੜ੍ਹ ਪੈਂਦਾ ਹੈ। ਵਹੁਟੀ ਸਿਰ ਨੂੰ ਕੰਘੀ ਕਰਦੀ ਤੇ ਘਰ ਦੀਆਂ ਚੀਜ਼ਾਂ ਨੂੰ

ਟਿਕਾਣੇ ਸਿਰ ਰਖਦੀ ਹੈ – ਜਿਵੇਂ ਕਿਸੇ ਦਾ ਆਉਣ ਦਾ ਇੰਤਜ਼ਾਰ ਕਰ ਰਹੀ ਹੋਵੇ ਤੇ ਆਪਣੇ ਬਚੇ ਨੂੰ ਸੁਹਣਾ ਝੱਗਾ ਤੇ ਅੱਖਾਂ ਵਿਚ ਸੁਰਮਾਂ ਪਾਉਂਦੀ ਹੈ ਤੇ ਨਾਲ ਹੀ ਗਾਂਦੀ ਹੈ]

ਸਾਡਾ ਕਾਕਾ ਬੜਾ ਸਿਆਣਾ,
ਕਰਮਾਂ ਵਾਲਾ ਬੀਬਾ ਰਾਣਾ।
ਅਜ ਕਾਕੇ ਦੇ ਬਾਪੂ ਆਉਣਾ,
ਤੇਰੇ ਲਈ ਉਸ ਕੀ ਲਿਆਉਣਾ ?
ਚਾਂਦੀ ਦੇ ਉਹ ਕੜੇ ਲਿਆਊ,
ਤੇਰੇ ਗੋਰੇ ਪੈਰੀਂ ਪਾਊ।
ਮੇਰੇ ਲਈ ਸੋਨੇ ਦੀ ਗਾਨੀ,
ਜੀਂਦੀ ਰਹੇ ਉਹਦੀ ਜ਼ਿੰਦਗਾਨੀ।
ਕਾਕਾ ਸਾਡਾ ਬੜਾ ਸਿਆਣਾ,
ਕਰਮਾਂ ਵਾਲਾ ਬੀਬਾ ਰਾਣਾ।

(ਇਤਨੇ ਵਿਚ ਪਰਦੇ ਦੇ ਪਿਛੇ ਕੁਝ ਰੌਲਾ ਜਿਹਾ ਹੁੰਦਾ ਹੈ। ਕਿਸੇ ਦੇ ਡਿਗਣ ਦੀ ਆਵਾਜ਼,'ਜ਼ਰਾ ਥਮ ਕੇ'ਜ਼ਰਾ ਸੰਭਲ ਕੇ,ਦੀਆਂ ਆਵਾਜ਼ਾਂ ਵੀ ਆਉਂਦੀਆਂ ਹਨ। ਤੀਵੀਂ ਦੌੜ ਕੇ ਜਾਂਦੀ ਹੈ। ਤਿੰਨ ਚਾਰ ਪਿੰਡ ਦੇ ਗਭਰੂ ਉਹਦੇ ਪਤੀ ਨੂੰ ਥੰਮ੍ਹੀਂ ਦਾਖ਼ਲ ਹੁੰਦੇ ਹਨ। ਉਸ ਦੀ ਇਕ ਲਤ ਕੋਈ ਨਹੀਂ। ਉਹ ਬੇਸਾਖੀ ਦੇ ਸਹਾਰੇ ਟੁਰਿਆ ਆਉਂਦੀ ਤੇ ਲਤ ਉਤੇ ਵੀ ਪੱਟੀ ਬੱਧੀ ਹੋਈ ਹੈ। ਸਿਪਾਹੀ ਆਉਂਦਿਆਂ ਹੀ ਆਪਣੇ ਬਚੇ ਨੂੰ ਚੁਕ ਲੈਂਦਾ ਤੇ ਉਸ ਨੂੰ ਪਿਆਰ ਕਰਦਾ ਹੈ। ਵਹੁਟੀ ਆਪਣੇ ਪਤੀ ਦੀ ਇਹ ਹਾਲਤ ਵੇਖਕੇ ਹੈਰਾਨ ਰਹਿ ਜਾਂਦੀ ਹੈ। ਉਸ ਕੋਲੋਂ ਆਪਣਾ ਬਚਾ ਲੈ ਕੇ ਸੀਨੇ ਨਾਲ ਘੁਟ ਲੈਂਦੀ। ਸਿਪਾਹੀ ਮੰਜੀ ਉਤੇ ਲੇਟ ਜਾਂਦਾ ਤਾਂ ਵਹੁਟੀ ਗਾਂਦੀ ਹੈ)

ਲੋਹੜਾ ਇਹ ਹਨੇਰ ਕੀ ਹੋਇਆ ਮੇਰੇ ਢੋਲ ਸਿਪਾਹੀ !
ਚੰਨ ਦੇ ਮੁਖੜੇ ਉਤੇ ਕਿਸ ਨੇ ਆ ਕੇ ਫੇਰੀ ਸ਼ਾਹੀ ?
ਟੁਟ ਗਿਆ ਮੇਰਾ ਇਕ ਛਿਨ ਵਿਚ ਹੀ, ਇਹ ਸੁਰਗਾਂ ਦਾ ਝੂਟਾ,
ਛਾਂਗ ਦਿਤਾ ਹੈ ਕਿਸ ਵੈਰੀ ਨੇ, ਮੇਰਾ ਸਰੂ ਦਾ ਬੂਟਾ ?
ਜੰਗ ਵਿਚੋਂ ਤੂੰ ਲੈ ਕੇ ਮੁੜਿਆ, ਫੁਲਾਂ ਥਾਂ ਅੰਗਿਆਰੇ,
ਹੁਸਨ ਤੇਰੇ ਨੂੰ ਲੁਹ ਸੁਟਿਆ ਹੈ, ਕਿਹੜੇ ਹਥ ਹਤਿਆਰੇ ?

ਪ੍ਰਦੇਸਾਂ ਵਿਚ ਜਾ ਕੇ ਕੀਤੀ, ਤੂੰ ਕੀ ਕਾਰ-ਗੁਜ਼ਾਰੀ ?
ਕਿਸ ਦੀ ਖ਼ਾਤਰ ਇਤਨੀ ਮਹਿੰਗੀ ਤੂੰ ਇਹ ਕੀਮਤ ਤਾਰੀ !

(ਸਿਪਾਹੀ ਦੀ ਹਾਲਤ ਖ਼ਰਾਬ ਹੁੰਦੀ ਜਾਂਦੀ ਹੈ ਤੇ ਉਹ ਮੁਸ਼ਕਲ ਨਾਲ ਇਹ ਕਹਿੰਦਾ ਹੈ)

ਨਾ ਸੁਣ ਸਕੇਂਗੀ ਗੋਰੀਏ, ਤੂੰ ਉਹ ਕਹਾਣੀ ਰਹਿਣ ਦੇ,
ਤੂੰ ਪੜ੍ਹ ਲੈ ਮੈਨੂੰ ਵੇਖ ਕੇ, ਮੈਂ ਨਹੀਂ ਸੁਣਾਨੀ ਰਹਿਣ ਦੇ ।
ਮਗਰ ਮੈਂ ਜੀਣਾ ਚਾਹੁੰਦਾ ਹਾਂ, ਕਿ ਬਦਲਾ ਕੁਲ ਚੁਕ ਦਿਆਂ ।
ਜੋ ਦਾਗ਼ ਮੇਰੇ ਚਿਹਰੇ ਤੇ ਹੈ, ਉਸ ਨੂੰ ਮਿਟਾ ਦਿਆਂ ।
ਕਿ ਸਜ-ਵਿਆਹੀਆਂ ਰੰਡੀਆਂ ਨੂੰ ਮੁੜ ਸੁਹਾਗ ਦੇ ਸਕਾਂ ।
ਜੋ ਤਾਰਾਂ ਤੋੜੀਆਂ ਨੇ ਮੈਂ, ਉਹਨਾਂ ਨੂੰ ਰਾਗ ਦੇ ਸਕਾਂ ।
ਮੈਂ ਜੀਣਾ ਚਾਹੁੰਦਾ ਹਾਂ ਕਰੋੜਾਂ ਮਾਵਾਂ ਦੇ ਪਿਆਰ ਲਈ ।
ਉਹਨਾਂ ਦੀ ਰੋਟੀ, ਬਚਿਆਂ ਦੀ ਮਹਿਕਦੀ ਬਹਾਰ ਲਈ ।
ਜੇ ਲੜਦਾ ਦੇਸ਼ ਦੀ ਜ਼ਮੀਨ ਤੇ ਮੈਂ ਕਸ ਕੇ ਵਰਦੀਆਂ ।
ਨਾ ਇਸ ਤਰ੍ਹਾਂ ਦਲੇਰੀਆਂ ਸਿਸਕ ਕੇ ਹਉਕੇ ਭਰਦੀਆਂ !
ਮੈਂ ਜੀਣਾ ਚਾਹੁੰਦਾ ਇਸ ਲਈ, ਬਚਾ ਲਵੇ ਬਚਾ ਲਵੇ ।
ਤੇ ਜ਼ਿੰਦਗੀ ਨੂੰ ਮੌਤ ਦੀ ਜ਼ੰਜੀਰ 'ਚੋਂ ਛੁਡਾ ਲਵੇ ।

(ਸਿਪਾਹੀ ਬੇਹੋਸ਼ ਹੋ ਜਾਂਦਾ ਹੈ ਤੇ ਵਹੁਟੀ ਉਹਦੇ ਸਿਰ ਨੂੰ ਗੋਦੀ ਵਿਚ ਰਖ ਕੇ ਗਾਂਦੀ ਹੈ)

ਵਹੁਟੀ – ਤੇਰੀ ਆਈ ਮੈਂ ਮਰ ਜਾਂ, ਤੈਨੂੰ ਤਾਪ ਚੜ੍ਹੇ ਮੈਂ ਹੂੰਗਾਂ,
ਨਾ ਜਾਂਈ ਮਾਹੀਆ ਵੇ, ਗਾਂਦੇ ਗੀਤ ਬਣਾ ਕੇ ਕੂਕਾਂ ।
ਤੇਰੇ ਬਿਨਾਂ ਹੇ ਢੋਲਣਾ, ਕਿਥੇ ਚੰਦਰੀ ਜਵਾਨੀ ਫੂਕਾਂ ।

(ਬਚੇ ਨੂੰ ਚੁਕ ਕੇ )

ਕਿਵੇਂ ਇਹ ਯਤੀਮ ਜ਼ਿੰਦੜੀ, ਦਸ ਸਹੇਗੀ ਸਮੇਂ ਦੀਆਂ ਟੂਕਾਂ ।

(ਸਿਪਾਹੀ ਦੀ ਹਾਲਤ ਖ਼ਰਾਬ ਹੁੰਦੀ ਜਾਂਦੀ ਹੈ ਤੇ ਟੁਟ ਟੁਟ ਕੇ ਉਹ ਇਹ ਅਵਾਜ਼ ਮੂੰਹੋਂ ਚੋਂ ਕਢਦਾ ਤੇ ਨਾਲ ਹੀ ਉਹ ਬੇਸਾਖੀ ਆਪਣੀ ਵਹੁਟੀ ਨੂੰ ਫੜਾ ਦੇਂਦਾ ਹੈ ।)

ਸਿਪਾਹੀ – ਮੈਂ ਜਾ ਰਿਹਾ ਹਾਂ, ਪਰ ਮੇਰਾ ਹੈ ਰੋਮ ਰੋਮ ਕੂਕਦਾ,
ਵਤਨ ਤੋਂ ਬਾਹਰ ਮੈਂ ਰਿਹਾ ਕਿਉਂ ਹਾਸਿਆਂ ਨੂੰ ਫੂਕਦਾ !

(ਸਿਪਾਹੀ ਮਰ ਜਾਂਦਾ ਹੈ ਤੇ ਵਹੁਟੀ ਵੀਣੀ ਦੀਆਂ ਵੰਗਾਂ ਨੂੰ ਮੰਜੀ ਦੀ ਹੀ ਨਾਲ ਮਾਰ ਕੇ ਭੰਨ ਦੇਂਦੀ ਹੈ ਤੇ ਬਚੇ ਨੂੰ ਆਪਣੀ ਛਾਤੀ

ਨਾਲ ਘੁਟ ਲੈਂਦੀ ਤੇ ਪਰਦੇ ਪਿਛੋਂ ਦਰਦ ਭਰੀ ਆਵਾਜ਼
ਉਭਰਦੀ ਹੈ)

ਇਕ ਭਾਂਬੜ ਬਲਦਾ ਵੇ, ਰਾਂਝਣਾ ਸਾਥੋਂ ਦੂਰ ਪਰੇਰੇ।
ਪਏ ਟੁਕੜੇ ਵੰਗਾਂ ਦੇ, ਢੋਲਣਾ ਉਸ ਦੇ ਚਾਰ ਚੁਫੇਰੇ।

(ਪਰਦਾ ਡਿਗਦਾ ਹੈ)

## • ਚੌਥੀ ਝਾਕੀ •

(ਸਮਾਂ ੧੯੫੨ ਉਹੋ ਕਮਰਾ ਸਾਮਾਨ ਕੁਝ ਬਦਲਿਆ ਹੋਇਆ। ਵਿਧਵਾ ਕਿਸਾਨ ਔਰਤ। ਘਰ ਦੀਆਂ ਚੀਜ਼ਾਂ ਨੂੰ ਠੀਕ ਟਿਕਾਣੇ ਸਿਰ ਰਖ ਰਹੀ ਹੈ। ਉਸ ਦੀ ਉਮਰ ਤੇ ਲਿਬਾਸ ਵਿਚ ਫ਼ਰਕ ਹੈ। ਏਨੇ ਵਿਚ ਉਸ ਦਾ ਮੁੰਡਾ ਬਾਹਰੋਂ ਪੜ੍ਹ ਕੇ ਆਉਂਦਾ ਹੈ। ਉਹ ਯਾਰਾਂ ਬਾਰਾਂ ਸਾਲਾਂ ਦਾ ਹੋ ਗਿਆ ਹੈ। ਔਰਤ ਉਸ ਨੂੰ ਪਿਆਰ ਦੇਂਦੀ ਹੈ। ਉਹ ਬਸਤਾ ਰਖ ਕੇ ਬਾਹਰ ਚਲਿਆ ਜਾਂਦਾ ਹੈ ਤੇ ਔਰਤ ਹੌਲੇ ਹੌਲੇ ਗੁਣਗਣਾਂਦੀ ਹੈ ਤੇ ਨਾਲ ਨਾਲ ਇਧਰ ਉਧਰ ਕੰਮ ਕਰੀ ਜਾਂਦੀ ਹੈ)

"ਦਿਲ ਦੇ ਪੰਘੂੜੇ ਤੇਰੀ ਯਾਦ ਖਿਡਾਵਾਂ ਮਾਹੀਆ।
ਤੇਰੀ ਇਹ ਨਿਸ਼ਾਨੀ ਦਿਤੀ, ਸੀਨੇ ਨਾਲ ਲਾਵਾਂ ਮਾਹੀਆ।
ਤੀਜੀ ਜੰਗ ਫਿਰ ਸਾਡੇ ਸਿਰਾਂ ਉਤੇ ਕੂਕਦੀ ਏ,
ਮਾਵਾਂ ਦੀਆਂ ਗੋਦੀਆਂ ਤੇ ਸਪ ਵਾਂਗੂੰ ਸ਼ੂਕਦੀ ਏ।
ਲਾਲ ਤੇਰਾ ਇਸ ਕੋਲੋਂ, ਕਿਵੇਂ ਮੈਂ ਬਚਾਵਾਂ ਮਾਹੀਆ ?

(ਇੰਨੇ ਚਿਰ ਨੂੰ ਬਚਾ ਅੰਦਰੋਂ ਉਹੋ ਲਕੜ ਦੀ ਲਤ ਲੈ ਕੇ ਸਟੇਜ ਉਤੇ ਆ ਜਾਂਦਾ ਹੈ। ਔਰਤ ਉਸ ਨੂੰ ਵੇਖ ਕੇ ਘਾਬਰ ਜਾਂਦੀ ਹੈ ਤੇ ਝਟ ਪਟ ਉਸ ਤੋਂ ਖੋਹ ਲੈਂਦੀ ਹੈ ਤੇ ਬਚਾ ਪੁਛਦਾ ਏ)

ਵੇਖ ਨੀਂ ਮੈਂ ਪਿਛਲੇ ਅੰਦਰੋਂ ਕੀ ਸ਼ੈ ਲਭ ਲਿਆਂਦੀ,
ਹਰ ਪਾਸੇ ਤੋਂ ਵੇਖ ਚੁਕਾ ਹਾਂ, ਉਕੀ ਸਮਝ ਨਹੀਂ ਆਂਦੀ।
ਨਾ ਲਕੜ ਦਾ ਘੋੜਾ ਜਾਪੇ; ਜਿਹੜਾ ਦਏ ਅਸਵਾਰੀ,
ਖੂੰਡੀ ਵੀ ਨਹੀਂ ਜਿਸ ਦੀ ਮੇਰੇ ਖਿਦੋ ਦੇ ਸੰਗ ਯਾਰੀ।
ਜਾਂ ਫਿਰ ਹੋਰ ਖਿਡੌਣਾ ਹੈ ਜੋ ਮੈਨੂੰ ਸਮਝ ਨਹੀਂ ਆਇਆ।
ਦਸ ਨੀ ਮਾਂ ਇਹ ਸਾਡੇ ਘਰ ਵਿਚ ਕਿਥੋਂ ਕੌਣ ਲਿਆਇਆ ?

(ਮਾਂ ਬਚੇ ਨੂੰ ਆਪਣੇ ਨਾਲ ਘੁਟ ਲੈਂਦੀ ਹੈ ਤੇ ਫਿਰ ਗੰਭੀਰ ਹੋ ਕੇ ਬੋਲਣਾ ਸ਼ੁਰੂ ਕਰਦੀ ਹੈ)

ਤੈਨੂੰ ਹੋਸ਼ ਆਉਣ ਤੋਂ ਪਹਿਲਾਂ ਇਥੋਂ ਦੂਰ ਪਰੇਰੇ,
ਆਈ ਡਾਇਣ ਇਕ ਕਲਮੂੰਹੀ, ਲੈਕੇ ਨਾਲ ਹਨੇਰੇ।
ਉਹਦੀ ਭੇਟਾ ਦੇ ਲਈ ਬੰਦੇ, ਹਰ ਥਾਂ ਗਏ ਖ਼ਰੀਦੇ,
ਧਿੰਗੋ ਜ਼ੋਰੀ ਖੋਹ ਕੇ ਲੈ ਗਏ, ਉਹ ਮਾਵਾਂ ਦੇ ਦੀਦੇ।
ਸਜ-ਵਿਆਹੇ ਗਭਰੂ ਦਾ ਕੋਈ ਫੜਦੀ ਰਹਿ ਗਈ ਪਲਾ,
ਉਂਗਲਾਂ ਦੇ ਵਿਚ ਘੁਟਦੀ ਰਹਿ ਗਈ ਕੋਈ ਚੀਚੀ ਦਾ ਛਲਾ।
ਤੇਰੇ ਪਿਓ ਨੂੰ ਵੀ ਕੁਝ ਸਿਕੇ ਦੇ ਜਰਵਾਣੇ ਲੈ ਗਏ,
ਮੇਰੇ ਦਿਲ ਦੇ ਸਾਰੇ ਜਜ਼ਬੇ ਰੋ ਰੋ ਹੇਠਾਂ ਵਹਿ ਗਏ।
ਜਿਸ ਵੇਲੇ ਉਹ ਡਾਇਣ ਰਜੀ, ਖਾ ਬੰਦਿਆਂ ਦੇ ਡਕਰੇ,
ਮੁੜੇ ਘਰਾਂ ਨੂੰ ਭਜੇ ਟੁਟੇ, ਉਹ ਭੇਟਾ ਦੇ ਬਕਰੇ।
ਉਸ ਵੇਲੇ ਤੇਰਾ ਪਿਓ ਆਇਆ, ਖਟ ਕੇ ਇਹ ਕਮਾਈ,
ਉਸ ਲਕੜ ਦੀ ਲਤ ਲਿਆਂਦੀ, ਅਸਲੀ ਲਤ ਗਵਾਈ।
ਇਹ ਤੇਰੇ ਅਣਜਾਣੇ ਪਿਓ ਦੀ, ਬਚਿਆ ਰਹੀ ਨਿਸ਼ਾਨੀ,
ਜਿਸ ਦੇ ਵਿਚੋਂ ਝਲਕ ਰਹੀ ਹੈ, ਉਹਦੀ ਮਸਤ ਜਵਾਨੀ।

[ਗ਼ੁਸੇ ਤੇ ਤੇਜ਼ੀ ਨਾਲ ਬੋਲਣਾ ਅਰੰਭ ਦੇਂਦੀ ਹੈ]

ਅਜ ਮੁੜ ਸੁਣਨੀ ਆਂ ਉਹ ਡਾਇਣ ਲੈ ਦੈਂਤਾਂ ਦੀ ਢਾਣੀ,
ਸਾਡੇ ਨੇੜੇ ਆ ਪਹੁੰਚੀ ਏ, ਹਾਸੇ ਖ਼ੁਸ਼ੀਆਂ ਖਾਣੀ।
ਐਪਰ ਅਜ ਰੰਡੇਪਾ ਮੇਰਾ, ਜਾਗਿਆ ਲੈ ਅੰਗੜਾਈ,
ਅਜ ਗ਼ੁਸੇ ਨੇ ਮੇਰੇ ਦਿਲ ਦੀ ਅਗਨੀ ਹੈ ਭੜਕਾਈ।
ਇਸ ਦੇ ਢਿਡ-ਪਾੜੂ ਨਹੁੰਆਂ ਨੂੰ ਉਕਾ ਝਾੜ ਦਿਆਂਗੀ,
ਜੋ ਲਕੜ ਦੀਆਂ ਲਤਾਂ ਜੰਮੇਂ, ਉਹ ਕੁਖ ਸਾੜ ਦਿਆਂਗੀ।

[ਲਕੜ ਦੀ ਲਤ ਨੂੰ ਪਟ ਉਤੇ ਮਾਰ ਕੇ ਤੋੜ ਦੇਂਦੀ ਹੈ]

ਮੇਰਾ ਪੁਤਰ ਜੁਗ ਜੁਗ ਜੀਵੇ, ਅਜ ਮੈਂ ਨਹੀਂ ਇਕੱਲੀ,
ਅਜ ਘੁਗੀਆਂ ਦੀ ਡਾਰ ਵਾਂਗਰਾਂ, ਦੁਨੀਆਂ ਹੈ ਰਲ ਚੱਲੀ।

[ਸਟੇਜ ਤੋਂ ਬਹੁਤ ਸਾਰੇ ਕਬੂਤਰ ਉਡਦੇ ਹਨ ਤੇ ਨਾਲ ਹੀ ਇਕ ਕਿੰਗ ਵਜਾਂਦਾ ਪੰਜਾਬੀ ਜੱਟ ਸਟੇਜ ਉਤੇ ਆ ਜਾਂਦਾ ਹੈ ਤੇ ਇਹ ਗੀਤ ਗਾਂਦਾ ਹੈ]

ਕਾਗ ਸਮੇਂ ਦਾ ਬੋਲਿਆ, ਅਮਨਾਂ ਦੀ ਬੋਲੀ,

ਮਾਖਿਉਂ ਵਰਗੀ ਮਸਤੀ ਜਿਸ ਕਣ ਕਣ ਵਿਚ ਘੋਲੀ।
[ਔਰਤ ਤੇ ਬਚਾ ਵੀ ਉਸ ਨਾਲ ਸ਼ਾਮਲ ਹੋ ਜਾਂਦੇ ਹਨ]
ਕਢ ਲਿਆਵੇ ਅੰਦਰੋਂ ਨੀ, ਮਖਣਾਂ ਦੇ ਪੇੜੇ,
ਕੁਟ ਕੁਟ ਪਾਵੇ ਚੂਰੀਆਂ ਨੀ, ਇਹ ਪੰਧ ਨਬੇੜੇ।
ਝੁਬਦੇ ਲਿਆਵੇ ਧਰਤੀ ਤੇ ਸ਼ਗਨਾਂ ਦੀ ਡੋਲੀ,
ਕਾਗ ਸਮੇਂ ਦਾ ਬੋਲਿਆ ਨੀ ਅਮਨਾਂ ਦੀ ਬੋਲੀ ... ...

ਕਢ ਕੇ ਵਿਧਵਾ ਪਾ ਲਏ ਅਜ ਅੰਦਰੋਂ ਗਹਿਣੇ,
ਖ਼ੁਸ਼ ਹੈ ਹੁਣ ਇਹ ਕਦੇ ਨਹੀਂ ਤਨ ਉਤੋਂ ਲਹਿਣੇ।
ਵਰ੍ਹੀ ਸੂਹੀ ਦੀ ਪੋਟਲੀ ਉਸ ਵਿਹੜੇ ਵਿਚ ਖੋਲ੍ਹੀ ... ...
[ਔਰਤ ਪਹਿਲਾਂ ਸੰਦੂਕੜੀ ਖੋਲ੍ਹਦੀ ਹੈ ਤੇ ਕੰਨਾਂ ਵਿਚ ਕਾਂਟੇ ਤੇ ਬਾਹਾਂ ਵਿਚ ਵੰਗਾਂ ਪਾਂਦੀ ਹੈ, ਫਿਰ ਸੁਚੇ ਤੇ ਭੜਕੀਲੇ ਕਪੜੇ ਕਢ ਕੇ ਆਪਣੇ ਸਰੀਰ ਨਾਲ ਮੇਚਦੀ ਹੈ ਤੇ ਬੜੀ ਖ਼ੁਸ਼ ਹੁੰਦੀ ਹੈ]
ਬੁਢੇ ਪਿਓ ਨੇ ਫੜ ਲਈ ਹਥ ਫੇਰ ਡੰਗੋਰੀ,
[ਇਕ ਬੁਢਾ ਸਟੇਜ ਤੋਂ ਇਕ ਪੰਦਰਾਂ ਸੋਲਾਂ ਸਾਲ ਦੇ ਮੁੰਡੇ ਦੇ ਮੋਢੇ ਤੇ ਹਥ ਰਖ ਕੇ ਚਾਈਂ-ਚਾਈਂ ਲੰਘਦਾ ਹੈ]
ਹੁਣ ਨਹੀਂ ਹੋਣੀ ਕਦੇ ਵੀ ਇਹ ਪੋਰੀ ਪੋਰੀ।
ਪਿਪਲਾਂ ਥਲੇ ਨਚ ਪਈ ਗਿਧੇ ਦੀ ਬੋਲੀ।
[ਸਟੇਜ ਉਤੇ ਤਿੰਨ ਕੁੜੀਆਂ ਨਚਦੀਆਂ ਨਚਦੀਆਂ ਹਸਦੀਆਂ ਆ ਜਾਂਦੀਆਂ ਹਨ ਤੇ ਉਹ ਔਰਤ ਵੀ ਵਿਚ ਸ਼ਾਮਲ਼ ਹੋ ਜਾਂਦੀ ਹੈ। ਉਹ ਇਹ ਬੋਲੀਆਂ ਪਾ ਕੇ ਗਿਧਾ ਪਾਂਦੀਆਂ ਹਨ]
ਉਡ ਨੀ ਘੁਗੀਏ, ਉਡ ਨੀ ਘੁਗੀਏ,
ਤੈਥੋਂ ਸਦਕੇ ਜਾਵਾਂ।
ਜੰਗ ਦੀਆਂ ਧੁਪਾਂ ਸਾੜ ਨਾ ਸਕਣ,
ਕਦੇ ਅਮਨ ਦੀਆਂ ਛਾਵਾਂ।
ਰਹਿਣ ਦੇਂਦੀਆਂ ਮਿਠੀ ਲੋਰੀ,
ਬਚਿਆਂ ਤਾਈਂ ਮਾਵਾਂ।
ਬਣ ਕੇ ਵੈਣ ਕਦੇ ਨਾ ਭੁਸਕਣ,
ਹਾਏ ਕਿਸੇ ਦੀਆਂ ਲਾਵਾਂ।
ਜਗ ਵਿਚ ਘੁੰਮ ਜਾ ਨੀ,

ਮੈਂ ਤੈਨੂੰ ਚੂਰੀਆਂ ਪਾਵਾਂ ।

[ਇਕ ਹੋਰ ਕੁੜੀ ਬੋਲੀ ਪਾਂਦੀ ਹੈ]

ਉਡ ਨੀ ਘੁਗੀਏ, ਉਡ ਨੀ ਘੁਗੀਏ,
ਉਚੀ ਮਾਰ ਉਡਾਰੀ ।
ਅਮਨ ਫਰੇਰੇ ਹੇਠਾਂ ਕੱਠੀ,
ਹੋ ਗਈ ਦੁਨੀਆਂ ਸਾਰੀ ।
ਹੁਣ ਨਹੀਂ ਟੁਟਣੇ ਸੂਹੇ ਚੂੜੇ,
ਸੜਨੀ ਨਹੀਂ ਫੁਲਕਾਰੀ ।
ਮਰਨੀਆਂ ਨਹੀਂ ਕੰਵਾਰੀਆਂ ਸਧਰਾਂ,
ਤੇ ਮਾਂਗ ਦੀ ਧਾਰੀ ।
ਵਖ ਨਹੀਂ ਰਾਂਝੇ ਤੋਂ,
ਹੁਣ ਹੋਣੀ 'ਹੀਰ' ਪਿਆਰੀ ।

[ਗਿੱਧੇ ਤੇ ਨਾਚ ਨਾਲ ਹੀ ਪਰਦਾ ਡਿੱਗਦਾ ਹੈ]